**This Question Paper consists of 14 questions and 8 printed pages.**
**ਇਸ ਪ੍ਰਸ਼ਨ-ਪੱਤਰ ਵਿੱਚ 14 ਪ੍ਰਸ਼ਨ ਅਤੇ 8 ਮੁਦਰਿਤ ਪੰਨੇ ਹਨ ।**

**Roll No.**
**ਰੋਲ ਨੰ: ਅੰਕਾਂ ਵਿਚ**

| | | | | | | | | | | | |
|---|---|---|---|---|---|---|---|---|---|---|---|

**Code No. 58/S/A/P**
**ਕੋਡ ਨੰ.**
**Set - A**

# PUNJABI
# (ਪੰਜਾਬੀ)
# (210)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿਤੀ** ____________________

**Signature of Invivilators**

**ਨਿਰੀਖਕਾਂ ਦੇ ਦਸਖ਼ਤ** **1.** ____________________

**2.** ____________________

## ਆਮ ਨਿਰਦੇਸ਼ :-

**1** ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

**2** ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ ।

**3** ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।

**4** ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿੱਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ ।

**5** ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

**6** ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **58/S/A/P-A** ਜ਼ਰੂਰ ਲਿਖੋ ।

# PUNJABI

## (ਪੰਜਾਬੀ)

## (210)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁੱਲ ਅੰਕ : **100**

---

**ਨੋਟ :- (1)** ਸਾਰੇ ਪ੍ਰਸ਼ਨਾਂ ਦੇ ਉੱਤਰ ਜਰੂਰੀ ਹਨ ।

**(2)** ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹਕੇ ਉਨ੍ਹਾਂ ਦੇ ਉੱਤਰ ਲਿਖੋ ।

---

**1** ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **2×4=8**

ਅੱਠ ਸਾਲ ਦੀ ਸਖ਼ਤ ਟ੍ਰੇਨਿੰਗ ਉਪਰੰਤ ਸੁਨੀਤਾ ਵਿਲੀਅਮਜ਼ ਨੂੰ ਕੋਮਾਂਤਰੀ ਪੁਲਾੜੀ ਸਟੇਸ਼ਨ ਉੱਤੇ ਸੱਤ ਮੈਂਬਰੀ ਟੀਮ ਨਾਲ 9 ਦਿਸੰਬਰ, 2006 ਈਸਵੀ ਨੂੰ 'ਡਿਸਕਵਰੀ' ਨਾਂ ਦੇ ਪੁਲਾੜੀ ਜਹਾਜ਼ ਵਿੱਚ ਅੰਬਰਾਂ ਦੀ ਉਡਾਰੀ ਭਰਨ ਲਈ ਭੇਜ ਦਿੱਤਾ ਗਿਆ । ਤਕਰੀਬਨ ਸਾਢੇ ਤਿੰਨ ਸੌ ਕਿਲੋਮੀਟਰ ਦੀ ਉੱਚਾਈ ਉੱਤੇ ਅੰਬਰਾਂ ਵਿੱਚ ਘੁੰਮ ਰਿਹਾ ਪੁਲਾੜੀ ਸਟੇਸ਼ਨ ਮਨੁੱਖਤਾ ਦੀ ਭਲਾਈ ਅਤੇ ਪੁਲਾੜੀ ਖੋਜ ਬਾਰੇ ਨਵੇਂ-ਨਵੇਂ ਤਜਰਬੇ ਕਰ ਰਿਹਾ ਹੈ । ਸੁਨੀਤਾ ਨੇ ਇਸ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ ਤੇ ਤਜਰਬਿਆਂ ਦੇ ਖੇਤਰ ਵਿੱਚ ਬੜਾ ਕੰਮ ਕੀਤਾ ਹੈ । ਉਸਨੇ 195 ਦਿਨ ਪੁਲਾੜ ਵਿੱਚ ਰਹਿ ਕੇ ਨਵਾਂ ਰਿਕਾਰਡ ਬਣਾਇਆ ਹੈ । ਕਿਸੇ ਵੀ ਇਸਤਰੀ ਦੁਆਰਾ ਪੁਲਾੜ ਵਿੱਚ ਗੁਜ਼ਾਰਿਆ ਇਹ ਸਭ ਤੋਂ ਵੱਧ ਸਮਾਂ ਹੈ । ਉਸਨੇ ਚਾਰ ਵਾਰ ਪੁਲਾੜੀ ਜਹਾਜ਼ ਤੋਂ ਬਾਹਰ ਨਿਕਲ ਕੇ ਕੰਮ ਕੀਤਾ ਹੈ । ਇਸ ਨੂੰ ਸਪੇਸ ਵਾਕਿੰਗ ਕਹਿੰਦੇ ਹਨ । ਉਸਨੇ 29 ਘੰਟੇ 17 ਮਿੰਟ ਸਪੇਸ ਵਾਕਿੰਗ ਕਰਕੇ ਇਸ ਪੱਖੋਂ ਇੱਕ ਰਿਕਾਰਡ ਬਣਾਇਆ ਹੈ ।

**ਪ੍ਰਸ਼ਨ :**

(i) ਸੁਨੀਤਾ ਨੇ ਕਦੋਂ ਅਤੇ ਕਿਹੜੇ ਜਹਾਜ਼ ਰਾਹੀਂ ਅੰਬਰਾਂ ਦੀ ਉਡਾਰੀ ਭਰੀ ?

(ii) ਉਸਨੂੰ ਕਿਨ੍ਹਾਂ ਦੇ ਨਾਲ ਕਿਸ ਪੁਲਾੜੀ ਸਟੇਸ਼ਨ ਤੇ ਭੇਜਿਆ ਗਿਆ ?

(iii) ਕੋਮਾਂਤਰੀ ਪੁਲਾੜੀ ਸਟੇਸ਼ਨ ਕੀ ਹੈ ?

(iv) ਸੁਨੀਤਾ ਵਿਲੀਅਮਜ਼ ਨੇ ਕਿਹੜੇ-ਕਿਹੜੇ ਰਿਕਾਰਡ ਬਣਾਏ ?

**2** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : **1×15=15**

(i) ਹੋੜਾ, ਔਂਕੜ ਤੇ ਦੁਲੈਂਕੜ ਕਿਹੜੇ ਅੱਖਰ ਨਾਲ ਲਾਏ ਜਾਂਦੇ ਹਨ :

(A) ੲ (B) ੳ

(C) ਅ (D) ਕੋਈ ਵੀ ਨਹੀਂ

(ii) ਦੁੱਤ ਅੱਖਰ ਕਿੰਨੇ ਹਨ ?

(A) ਇੱਕ (B) ਦੋ

(C) ਤਿੰਨ (D) ਚਾਰ

(iii) ਹੋੜਾ ਮਾਤਰਾ (ਲਗ) ਦਾ ਚਿੰਨ੍ਹ ਹੈ :

(A) ੇ (B) ੈ

(C) ੋ (D) ੌ

(iv) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਸਹੀ ਹੈ :

(A) ਮਹਿਨਤ (B) ਮੇਹਨਤ

(C) ਮਹੇਨਤ (D) ਮਿਹਨਤ

(v) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦ ਦਾ ਲਿੰਗ ਬਦਲ ਕੇ ਖਾਲੀ ਥਾਂ ਭਰੋ :

ਅਸੀਂ <u>ਪੰਡਤ</u> ਤੇ __________ ਨੂੰ ਰੋਟੀ ਖੁਆਈ ।

(A) ਪੰਡਤਾਣੀ (B) ਪੰਡਤਾਈ

(C) ਪੰਡਤੀ (D) ਪਾਂਡੀ

(vi) 'ਕਥਾ' ਦਾ ਬਹੁਵਚਨ ਹੈ :

(A) ਕਥਾਏਂ (B) ਕਥਾਵਾਂ

(C) ਕਥਾਆਂ (D) ਕਥਾਂ

(vii) ਨਾਂਵ ਦੀਆਂ ਕਿੰਨੀਆਂ ਕਿਸਮਾਂ ਹਨ ?

(A) ਇੱਕ (B) ਤਿੰਨ

(C) ਪੰਜ (D) ਸੱਤ

(viii) ਕਰਮ ਕਾਰਕ ਦਾ ਕਾਰਕੀ ਚਿਨ੍ਹ ਹੈ ?

(A) ਨੂੰ (B) ਨੇ

(C) ਰਾਹੀਂ (D) ਦਾ

(ix) 'ਸੋਨਮ ਖਾਂਦੀ ਹੈ' ਵਾਕ ਵਿੱਚ 'ਖਾਂਦੀ ਹੈ' ਕਿਹੜੀ ਕਿਰਿਆ ਹੈ :

(A) ਸਹਾਇਕ ਕਿਰਿਆ (B) ਅਕਰਮਕ ਕਿਰਿਆ

(C) ਸਕਰਮਕ ਕਿਰਿਆ (D) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

(x) ਕਿਰਿਆ ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

(A) ਪੰਜ (B) ਛੇ

(C) ਸੱਤ (D) ਅੱਠ

(xi) ਨਾਂਵ ਦੀ ਥਾਂ ਤੇ ਵਰਤੇ ਜਾਣ ਵਾਲੇ ਸ਼ਬਦਾਂ ਨੂੰ ਕੀ ਕਹਿੰਦੇ ਹਨ ?

(A) ਪੜਨਾਂਵ (B) ਕਿਰਿਆ

(C) ਵਿਸ਼ੇਸ਼ਣ (D) ਕਿਰਿਆ ਵਿਸ਼ੇਸ਼ਣ

(xii) ਉਹ ਰਚਿਤ ਸ਼ਬਦ, ਜਿਹੜੇ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਮੇਲ ਨਾਲ ਬਣਨ, ਉਸਨੂੰ ਕੀ ਕਹਿੰਦੇ ਹਨ ?

(A) ਅਗੇਤਰ (B) ਪਿਛੇਤਰ

(C) ਸਮਾਸੀ ਸ਼ਬਦ (D) ਇਨ੍ਹਾਂ ਵਿੱਚੋਂ ਕੋਈ ਨਹੀਂ

(xiii) ਅਗੇਤਰ ਅਤੇ ਮੂਲ ਸ਼ਬਦ ਦੇ ਠੀਕ ਵਿਕਲਪ ਅੱਗੇ ਸਹੀ (✓) ਦਾ ਚਿੰਨ੍ਹ ਲਗਾਓ :

(A) ਅੰਤ + ਰਮੁਖੀ (B) ਅੰ + ਤਰਮੁਖੀ

(C) ਅੰਤਰਮੁਖੀ (D) ਅੰਤਰਮੁ + ਖੀ

(xiv) ਦਿੱਤੇ ਵਾਕ ਵਿੱਚ ਲਕੀਰੇ ਸ਼ਬਦ ਦਾ ਸਹੀ ਵਿਰੋਧੀ (ਵਿਪਰੀਤਾਰਥਕ) ਸ਼ਬਦ ਚੁਣ ਕੇ ਖਾਲੀ ਥਾਂ ਵਿੱਚ ਭਰੋ :

ਕੁਲਬੀਰ <u>ਆਧੁਨਿਕ</u> ਵਿਚਾਰਾਂ ਦਾ ਧਾਰਨੀ ਹੈ ਪਰ ਉਸ ਦਾ ਭਰਾ __________ ਵਿਚਾਰਾਂ ਦਾ ।

(A) ਅਜੋਕਾ (B) ਪ੍ਰਾਚੀਨ

(C) ਵਰਤਮਾਨ (D) ਨਵੀਨ

(xv) ਦਿੱਤੇ ਵਾਕ ਵਿੱਚ ਲਕੀਰੇ ਸ਼ਬਦ ਦੀ ਥਾਂ ਹੋਰ ਕਿਹੜਾ ਸਮਾਨਾਰਥੀ ਸ਼ਬਦ ਵਰਤਿਆਂ ਜਾ ਸਕਦਾ ਹੈ :

ਰਾਜੇ ਨੇ ਪਰਜਾ ਉੱਤੇ ਬਹੁਤ <u>ਜ਼ੁਲਮ</u> ਕੀਤੇ ।

(A) ਅਤਿਆਚਾਰ (B) ਰਹਿਮ

(C) ਕਿਰਪਾ (D) ਬਖ਼ਸ਼ਿਸ਼

3 (i) ਹੇਠ ਲਿਖੇ ਮੁਹਾਵਰੇ ਦਾ ਸਹੀ ਅਰਥ ਚੁਣੋ - **1×5=5**

ਹੱਥ ਤੰਗ ਹੋਣਾ

(ੳ) ਹੱਥ ਵਿੱਚ ਦਰਦ ਹੋਣਾ (ਅ) ਹੱਥ ਵਿੱਚ ਚੂੜੀ ਤੰਗ ਹੋਣਾ

(ੲ) ਬਹੁਤ ਅਮੀਰੀ ਹੋਣਾ (ਸ) ਗ਼ਰੀਬੀ ਆਉਣੀ

(ii) ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਮੁਹਾਵਰਾ ਚੁਣ ਕੇ, ਵਾਕ ਦੀ ਖਾਲੀ ਥਾਂ ਕਰੋ -

__________ ਤੋਂ ਬਾਅਦ ਹੀ ਕੁਲਦੀਪ ਸਿੰਘ ਨੂੰ ਵਕਾਲਤ ਦੀ ਨੌਕਰੀ ਮਿਲੀ ।

(ੳ) ਜਾਨ ਦੀ ਬਾਜ਼ੀ ਲਾਉਣੀ (ਅ) ਲਹੂ ਪਸੀਨਾ ਇੱਕ ਕਰਨਾ

(ੲ) ਪੈਰ ਪਸਾਰ ਕੇ ਸੌਂ ਜਾਣਾ (ਸ) ਲੱਕ ਸਿੱਧਾ ਕਰਨਾ

(iii) ਮੁਹਾਵਰਿਆਂ ਅਤੇ ਅਖਾਣਾਂ ਨੂੰ ਪੂਰਾ ਕਰੋ -

ਸਦਾ ਦੀ ਨੀਂਦ __________ ।

(iv) ਸਸਤਾ ਰੋਵੇ ਵਾਰ ਵਾਰ, __________ ।

(v) ਕਲ੍ਹ ਨਾਮ __________ ।

4 ਹੇਠ ਲਿਖੇ ਬਹੁ ਅਰਥਕ ਸ਼ਬਦਾਂ ਤੋਂ ਘੱਟੋ-ਘੱਟ ਅਜਿਹੇ ਦੋ ਵਾਕ ਬਣਾਉ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ : **2**

ਡੰਗ, ਸੰਗ

5 ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਾਉ : **3**

ਮਾਤਾ ਜੀ ਕਿਹੋ ਜਿਹੀਆਂ ਗੱਲਾਂ ਕਰਦੇ ਹੋ

ਊਸ਼ਾ ਨੇ ਉਨ੍ਹਾਂ ਦਾ ਗੋਡਾ ਹਿਲਾਉਂਦਿਆ ਕਿਹਾ ਤੁਸੀ ਚੁੱਪ ਰਹੋ

ਬੰਦਿਆਂ ਦੀਆਂ ਗੱਲਾਂ ਬੰਦੇ ਜਾਣਨ

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲੱਗਭਗ 250 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ : **10**

(i) ਮੇਰੇ ਜੀਵਨ ਦਾ ਉਦੇਸ਼

(ii) ਵਿਗਿਆਨ ਦੇ ਚਮਤਕਾਰ

(iii) ਬੱਚਿਆਂ ਦੇ ਮਾਂ-ਬਾਪ ਪ੍ਰਤੀ ਫ਼ਰਜ਼

(iv) ਨੌਜਵਾਨ ਪੀੜ੍ਹੀ ਤੇਂ ਨਸ਼ਿਆਂ ਦੀ ਵਰਤੋਂ

7 ਤੁਹਾਡਾ ਛੋਟਾ ਭਰਾ ਪੜ੍ਹਾਈ ਤੋਂ ਅਵੇਸਲਾ ਹੋ ਗਿਆ ਹੈ, ਉਸ ਨੂੰ ਪੱਤਰ ਲਿਖ ਕੇ ਸਮਝਾਓ ਕਿ ਪੜ੍ਹਾਈ ਦੀ ਕਿੰਨੀ ਮਹੱਤਤਾ ਹੈ । 7

**ਜਾਂ**

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਤੁਹਾਡੇ ਸ਼ਹਿਰ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਦੇ ਸੁਝਾਅ ਲਿਖ ਕੇ ਭੇਜੋ ।

8 'ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਸੁਚੁ । 5

ਓਇ ਕਿ ਆਵਹਿ ਆਸ ਕਰਿ ਸਾਹਿ ਨਿਰਾਸੇ ਕਿਤੁ ।

ਫਲ ਫਿਕੇ ਫੁਲ ਬਕਬਕੇ ਕੰਮਿ ਨਾ ਆਵਹਿ ਪਤੁ ।

ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ।

ਗੁਰੂ ਨਾਨਕ ਦੇਵ ਜੀ ਇਸ ਸਲੋਕ ਦੁਆਰਾ ਮਨੁੱਖੀ ਜੀਵਨ ਲਈ ਕੀ ਸੰਦੇਸ਼ ਦੇ ਰਹੇ ਹਨ ?

ਉੱਤਰ 100-125 ਸ਼ਬਦਾਂ ਵਿੱਚ ਲਿਖੋ ।

**ਜਾਂ**

'ਮੈਂ ਕਹਿਣਾ ਚਾਹੁੰਦਾ ਹਾਂ
"ਸੰਭਲ ਕੇ ਬੱਸ ਵਿੱਚ ਚੜ੍ਹਨਾ
ਜਿੱਥੇ ਕਿਤੇ ਭੀੜ ਹੋਵੇ
ਉੱਥੇ ਨਹੀਂਓ ਖੜ੍ਹਨਾ
ਨਿਮੇ ਵਾਲੀ ਦਾਦੀ ਦੇ ਤੇ
ਮੰਦਰ ਜ਼ਰੂਰ ਜਾਣਾ
ਪਿੰਡ ਵਿੱਚ ਸਭ ਨੂੰ ਆਦਾਬ ਕਹਿਣਾ
ਐਵੇਂ ਨਾ ਅਭਿੱਜ ਰਹਿਣਾ"
ਪਰ ਮੈਨੂੰ ਬੋਲਣ ਦਾ ਮੌਕਾ ਨਹੀਂਓ
ਦਿੰਦੀਆਂ
ਧੀਆਂ ਪਿੰਡ ਚੱਲੀਆਂ ।'

'ਨਿੱਕੇ ਵੱਡੇ ਡਰ' ਕਵਿਤਾ ਰਾਹੀਂ ਕਵੀ, ਪਿਓ ਰਾਹੀਂ ਧੀਆਂ ਨੂੰ ਕੀ ਕਹਿਣਾ ਚਾਹੁੰਦਾ ਹੈ ?

ਉੱਤਰ 100-125 ਸ਼ਬਦਾਂ ਵਿੱਚ ਲਿਖੋ ।

9 ਪੜ੍ਹੀ-ਲਿਖੀ ਕਮਾਊ ਔਰਤ ਪ੍ਰਤੀ ਸਮਾਜ ਦਾ ਕੀ ਦ੍ਰਿਸ਼ਟੀਕੋਣ ਹੁੰਦਾ ਹੈ ? 'ਬਸ ਕੰਡੱਕਟਰ' ਕਹਾਣੀ ਦੇ ਆਧਾਰ ਤੇ ਉੱਤਰ 100-125 ਸ਼ਬਦਾਂ ਵਿੱਚ ਲਿਖੋ । **5**

10 ਇਕਾਂਗੀ 'ਬੇਈਮਾਨ' ਵਿੱਚੋਂ ਕਿਸੇ ਇੱਕ ਪਾਤਰ ਦੀ ਪਾਤਰ-ਉਸਾਰੀ 100-125 ਸ਼ਬਦਾਂ ਵਿੱਚ ਕਰੋ । **5**

11 'ਘਰ ਦਾ ਪਿਆਰ' ਨਿਬੰਧ ਰਾਹੀਂ ਪ੍ਰਿ. ਤੇਜਾ ਸਿੰਘ ਕੀ ਸੰਦੇਸ਼ ਦੇਣਾ ਚਾਹ ਰਿਹਾ ਹੈ ? ਇਸ ਦੀ ਪੁਸ਼ਟੀ ਲਈ ਉੱਤਰ 100-125 ਸ਼ਬਦਾਂ ਵਿੱਚ ਲਿਖੋ । **5**

12 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ । ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ : **1×12=12**

(i) ਫਰੀਦ ਜੀ ਅਨੁਸਾਰ ਕੋਠੇ, ਮੰਡਪ, ਮਾੜੀਆਂ ਨਾਲ ਚਿੱਤ ਕਿਉਂ ਨਹੀਂ ਲਾਉਣਾ ਚਾਹੀਦਾ ?

(ii) ਸਿੰਮਲ ਦੇ ਰੁੱਖ ਤੋਂ ਪੰਛੀ ਨਿਰਾਸ਼ ਹੋ ਕੇ ਵਾਪਸ ਕਿਉਂ ਜਾਂਦੇ ਹਨ ?

(iii) 'ਜੰਗ ਸਿੰਘਾਂ ਤੇ ਫਿਰੰਗੀਆਂ' ਕਵਿਤਾ ਵਿੱਚ ਕਵੀ ਨੇ 'ਸਰਕਾਰ' ਸ਼ਬਦ ਦੀ ਵਰਤੋਂ ਕਿਸ ਲਈ ਕੀਤੀ ਹੈ ?

(iv) 'ਸਵਰਗ ਦੀ ਝਲਕ' ਕਹਾਣੀ ਵਿੱਚ 'ਮੈਂ ਪਾਤਰ' ਨੇ ਰਿਕਸ਼ੇ ਵਾਲੇ ਨੂੰ ਪੈਸੇ ਕਿਉਂ ਦੇਣੇ ਚਾਹੇ ?

(v) ਲੇਖਕ, ਸਰਕਾਰ ਦੇ ਘਰ ਕੀ ਸੋਚ ਕੇ ਗਿਆ ? 'ਸਾਂਝ' ਕਹਾਣੀ ਦੇ ਆਧਾਰ ਤੇ ਦੱਸੋ ।

(vi) 'ਮਲੰਗ' ਕਹਾਣੀ ਅਨੁਸਾਰ ਦੱਸੋ ਕਿ ਮੁਕਾਬਲਾ ਕਰਨਾ ਕਿਨ੍ਹਾਂ ਖੇਤਰਾਂ ਵਿੱਚ ਚੰਗਾ ਹੈ ?

(vii) ਨੰਦੂ ਅਸਲ ਵਿੱਚ ਕਿਸ ਇਲਾਕੇ ਦਾ ਰਹਿਣ ਵਾਲਾ ਸੀ ?

(viii) ਮੈਨੇਜਰ, ਗਰਾਜ ਦੀ ਕਿਹੜੀ 'ਪਾਲਿਸੀ' ਦਾ ਹਵਾਲਾ ਦਿੰਦਾ ਹੈ ?

(ix) ਸੁੰਦਰਤਾ ਕਿਸ ਚੀਜ਼ ਦੀ ਮੁਥਾਜ ਹੈ ?

(x) ਮਹਾਰਾਜਾ ਰਣਜੀਤ ਸਿੰਘ ਕਿਨ੍ਹਾਂ ਦਾ ਸਰਪ੍ਰਸਤ ਸੀ ?

(xi) ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ਤੇ ਕਦੋਂ ਚੜ੍ਹਾਇਆ ਗਿਆ ?

(xii) ਡਾਕਟਰ ਨੇ ਜੈਸਮੀਨ ਨੂੰ ਕਿਸ ਜਾਂਚ ਲਈ ਭੇਜਿਆ ?

**13** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ : **2×6=12**

(i) ਫ਼ਰੀਦ ਜੀ ਨੇ ਕਾਲੇ ਰੰਗ ਦੇ ਪਹਿਰਾਵੇ ਉੱਤੇ ਕੀ ਵਿਅੰਗ ਕੀਤਾ ਹੈ ?

(ii) ਦਿਲ ਦਾ ਰੋਗ ਮਿਟਾਉਣ ਵਾਲੇ ਲਈ ਹੀਰ ਕੀ ਕੁੱਝ ਕਰਨ ਲਈ ਤਿਆਰ ਹੈ ?

(iii) ਮਦਰਾਸੀ ਦੇ ਘਰ ਨੌਕਰੀ ਕਰਕੇ ਨੰਦੂ ਵਿੱਚ ਕੀ ਤਬਦੀਲੀ ਆਈ ?

(iv) ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰ ਵਿੱਚ 'ਲੋਕ-ਬਰਾਬਰੀ' ਤੋਂ ਕੀ ਭਾਵ ਸੀ ?

(v) ਬਲੱਡ ਬੈਂਕ ਵਿੱਚ ਖ਼ੂਨਦਾਨ ਕਰਨ ਦਾ ਕੀ ਲਾਭ ਹੁੰਦਾ ਹੈ ?

(vi) ਕੰਪਿਊਟਰ ਦੇ ਮੂਲ ਅੰਗ ਕਿਹੜੇ ਹਨ ?

**14** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 50 ਸ਼ਬਦਾਂ ਵਿੱਚ ਲਿਖੋ : **3×2=6**

(i) 'ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ ।'
ਕਾਵਿ-ਸਤਰਾਂ ਕਿਸ ਕਵੀ ਦੀਆਂ ਲਿਖੀਆਂ ਹੋਈਆਂ ਹਨ ?
ਇਨ੍ਹਾਂ ਸਤਰਾਂ ਦਾ ਭਾਵ-ਅਰਥ ਸਪਸ਼ਟ ਕਰੋ ।

(ii) ਜਿਸ ਰਿਕਸ਼ੇ ਉੱਤੇ 'ਮੈਂ ਪਾਤਰ' ਬੈਠਾ ਸੀ, ਉਸ ਰਿਕਸ਼ੇ ਵਾਲੇ ਨੇ ਆਪਣੇ ਬਾਰੇ ਉਸ ਨੂੰ ਕੀ ਦੱਸਿਆ ।

---